# ਵਰਲਡ ਪੰਜਾਬੀ ਟਾਈਮਜ਼

## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 25 ਮਾਰਚ 2026 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੀ ਏ ਯੂ ਨੇ ਨਰਮੇ ਬਾਰੇ ਅੰਤਰਰਾਜੀ ਮੀਟਿੰਗ ਵਿੱਚ ਸਾਉਣੀ 2026 ਲਈ ਯੋਜਨਾਬੰਦੀ ਐਲਾਨੀ

ਵਰਲਡ ਪੰਜਾਬੀ ਟਾਈਮਜ਼



ਬਠਿੰਡਾ 25 ਮਾਰਚ : ਉੱਤਰ ਭਾਰਤੀ ਰਾਜਾਂ ਵਿੱਚ ਨਰਮੇ ਦੇ ਰਕਬੇ ਦੇ ਲਗਾਤਾਰ ਘਟਣ ਬਾਰੇ ਚਿੰਤਤ ਮਾਹਿਰਾਂ ਅਤੇ ਨੀਤੀ ਨਿਰਧਾਰਕਾਂ ਨੇ ਬੀਤੇ ਦਿਨੀਂ ਆਉਂਦੀ ਸਾਉਣੀ ਦੌਰਾਨ ਇਸ ਫ਼ਸਲ ਦੀ ਮੁੜ ਸੁਰਜੀਤੀ ਲਈ ਤਾਲਮੇਲ ਦੇ ਮੱਦੇਨਜ਼ਰ ਅੰਤਰਰਾਜੀ ਮੀਟਿੰਗ ਕੀਤੀ। ਇਸ ਸੰਬੰਧੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਪ੍ਰਧਾਨਗੀ ਹੇਠ ਬਠਿੰਡਾ ਦੇ ਖੇਤੀ ਭਵਨ ਵਿਖੇ ਹੋਈ ਨਰਮੇ ਬਾਰੇ ਅੰਤਰਰਾਜੀ ਸਲਾਹਕਾਰ ਅਤੇ ਨਿਗਰਾਨੀ ਕਮੇਟੀ ਦੀ ਮੀਟਿੰਗ ਵਿੱਚ ਸਾਂਝੀ ਚਿੰਤਾ ਪ੍ਰਗਟਾਈ ਗਈ।

ਮੀਟਿੰਗ ਵਿੱਚ ਸੀਨੀਅਰ ਅਧਿਕਾਰੀਆਂ ਅਤੇ ਵਿਗਿਆਨੀ ਇਕੱਤਰ ਹੋਏ ਜਿਨ੍ਹਾਂ ਵਿੱਚ ਡਾਇਰੈਕਟਰ ਖੇਤੀਬਾੜੀ ਪੰਜਾਬ, ਪੀ ਏ ਯੂ ਦੇ ਨਿਰਦੇਸ਼ਕ ਖੋਜ , ਨਿਰਦੇਸ਼ਕ ਪਸਾਰ ਸਿੱਖਿਆ, ਵਧੀਕ ਨਿਰਦੇਸ਼ਕ ਪਸਾਰ ਸਿੱਖਿਆ, ਕਪਾਹ ਪੱਟੀ ਦੇ ਮੁੱਖ ਖੇਤੀਬਾੜੀ ਅਧਿਕਾਰੀ ਅਤੇ ਸੈਂਟਰਲ ਇੰਸਟੀਚਿਊਟ ਫਾਰ ਕਾਟਨ ਖੋਜ, ਸਿਰਸਾ ਦੇ ਮਾਹਰ ਸ਼ਾਮਲ ਸਨ।



ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਨਰਮੇ ਦੇ ਰਕਬੇ ਵਿੱਚ ਲਗਾਤਾਰ ਗਿਰਾਵਟ ‘ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਇਸ ਰੁਝਾਨ ਨੂੰ ਵਧਦੇ ਜੈਵਿਕ ਅਤੇ ਅਜੈਵਿਕ ਤਣਾਅ, ਖਾਸ ਕਰਕੇ ਗੁਲਾਬੀ ਸੁੰਡੀ, ਚਿੱਟੀ ਮੱਖੀ, ਅਤੇ ਨਰਮੇ ਦੇ ਪੱਤਾ ਮਰੋੜ ਵਾਇਰਸ ਦੇ ਹਮਲੇ, ਅਨਿਯਮਿਤ ਜਲਵਾਯੂ ਗਤੀਵਿਧੀਆਂ ਨਾਲ ਜੋੜ ਕੇ ਦਰਸਾਇਆ। ਉਨ੍ਹਾਂ ਨੇ ਸਾਉਣੀ 2026 ਦੇ ਸੀਜ਼ਨ ਲਈ ਸਪੱਸ਼ਟ ਵਿਉਂਤਬੰਦੀ ਦੀ ਰੂਪਰੇਖਾ ਪੇਸ਼ ਕੀਤੀ। ਨਾਲ ਹੀ ਉਨ੍ਹਾਂ ਨੇ ਕਿਸਾਨਾਂ ਵਿੱਚ ਨਰਮੇ ਦੀ ਬਿਜਾਈ ਅਪਣਾਉਣ ਨੂੰ ਉਤਸ਼ਾਹਿਤ ਕਰਨ ਲਈ ਉੱਚ-ਗੁਣਵੱਤਾ ਵਾਲੇ, ਸਿਫ਼ਾਰਸ਼ ਕੀਤੇ ਬੀਜਾਂ ਅਤੇ ਬੀਟੀ ਕਪਾਹ ‘ਤੇ ਸਬਸਿਡੀਆਂ ਸਮੇਂ ਸਿਰ ਮੁਹਈਆ ਕਰਵਾਉਣ ‘ਤੇ ਜ਼ੋਰ ਦਿੱਤਾ।

ਬਿਜਾਈ ਤੋਂ ਪਹਿਲਾਂ ਸਿੰਚਾਈ ਲਈ ਯਕੀਨੀ ਨਹਿਰੀ ਪਾਣੀ ਦੀ ਸਪਲਾਈ ਦੀ ਮਹੱਤਤਾ ‘ਤੇ ਜ਼ੋਰ ਦਿੰਦਿਆਂ ਡਾ ਗੋਸਲ ਨੇ ਇਸਨੂੰ ਸਿਹਤਮੰਦ ਫਸਲ ਦੀ ਕਾਸ਼ਤ ਲਈ ਮਹੱਤਵਪੂਰਨ ਪਹਿਲੂ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਉਤਪਾਦਕਤਾ ਵਧਾਉਣ ਲਈ ਸੰਤੁਲਿਤ ਖਾਦ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਡਾ. ਗੋਸਲ ਨੇ ਨਰਮੇ ਦੀ ਬਿਜਾਈ ਦੀਆਂ ਸਾਰੀਆਂ ਧਿਰਾਂ ਨੂੰ ਕੀੜਿਆਂ ਦੇ ਦਬਾਅ ਨਾਲ ਨਜਿੱਠਣ ਅਤੇ ਨਰਮੇ ਤੋਂ ਮੁਨਾਫ਼ਾ ਲੈਣ ਲਈ ਤਾਲਮੇਲ ਨਾਲ ਕੰਮ ਕਰਨ ਦੀ ਅਪੀਲ ਕੀਤੀ।

ਪੰਜਾਬ ਦੇ ਖੇਤੀਬਾੜੀ ਨਿਰਦੇਸ਼ਕ ਡਾ. ਗੁਰਜੀਤ ਸਿੰਘ ਬਰਾੜ ਨੇ ਰਕਬੇ ਵਿੱਚ ਗਿਰਾਵਟ ਦਾ ਕਾਰਨ ਝੋਨੇ ਵੱਲ ਵਧ ਰਹੇ ਝੁਕਾਅ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹਾ ਨਰਮੇ ਉੱਪਰ ਕੀੜਿਆਂ ਦੇ ਲਗਾਤਾਰ ਹਮਲਿਆਂ ਕਾਰਨ ਹੋਇਆ ਹੈ। ਉਨ੍ਹਾਂ ਨੇ ਝਾੜ ਨੂੰ ਬਿਹਤਰ ਬਣਾਉਣ ਲਈ ਸਮੇਂ ਸਿਰ ਬਿਜਾਈ ਅਤੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਨੂੰ ਅਪਣਾਉਣ ਉੱਪਰ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਦੇ ਨਰਮ ਪੈਦਾ ਕਰਨ ਵਾਲੇ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ ‘ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਸੰਗਰੂਰ, ਬਰਨਾਲਾ, ਫਰੀਦਕੋਟ ਅਤੇ ਮੋਗਾ ਦੇ ਮੁੱਖ ਖੇਤੀਬਾੜੀ ਅਧਿਕਾਰੀਆਂ ਨੇ ਪਸਾਰ ਯਤਨਾਂ ਬਾਰੇ ਤਾਜ਼ਾ ਹਲਾਤ ਸਾਂਝੇ ਕੀਤੇ। ਖਾਸ ਕਰਕੇ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੀ ਬੇਮੌਸਮੀ ਰੋਕਥਾਮ ਬਾਰੇ ਨਿੱਠ ਕੇ ਵਿਚਾਰ ਚਰਚਾ ਕੀਤੀ ਗਈ।

ਪੀ ਏ ਯੂ ਦੇ ਨਿਰਦੇਸ਼ਕ ਖੋਜ ਡਾ ਅਜਮੇਰ ਸਿੰਘ ਢੱਟ ਨੇ ਪੀ ਏ ਯੂ ਵਲੋਂ ਹਾਲ ਹੀ ਦੀਆਂ ਖੋਜ ਗਤੀਵਿਧੀਆਂ ‘ਤੇ ਚਾਨਣਾ ਪਾਇਆ, ਜਿਸ ਵਿੱਚ ਦੇਸੀ ਕਪਾਹ ਦੀ ਕਿਸਮ ਪੀ ਬੀ ਡੀ 88 ਨੂੰ ਜਾਰੀ ਕਰਨਾ ਸ਼ਾਮਲ ਹੈ। ਉਨ੍ਹਾਂ ਨੇ ਪੌਦ ਸੁਰੱਖਿਆ ਲਈ ਨਵੀਆਂ ਸਿਫਾਰਿਸ਼ਾਂ ਸਾਂਝੀਆਂ ਕੀਤੀਆਂ ਅਤੇ ਮਸ਼ੀਨੀਕਰਨ ਲਈ ਢੁਕਵੀਆਂ ਨਰਮੇ ਦੀਆਂ ਕਿਸਮਾਂ ਨੂੰ ਵਿਕਸਤ ਕਰਨ ਦੀ ਜ਼ਰੂਰਤ ‘ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਤਾਈ ਮਿੱਲ੍ਹਾਂ ਵਿੱਚ ਲਾਜ਼ਮੀ ਸਾਵਧਾਨੀਆਂ ਅਪਣਾਉਣ ਅਤੇ ਯੂਨੀਵਰਸਿਟੀ ਦੁਆਰਾ ਵਿਕਸਤ ਦੇਸੀ ਕਿਸਮਾਂ ਦੇ ਵਿਆਪਕ ਪ੍ਰਚਾਰ ਬਾਰੇ ਵੀ ਗੱਲਬਾਤ ਕੀਤੀ।

ਪੀ ਏ ਯੂ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਨਰਮੇ ਦੀ ਕਾਸ਼ਤ ਨੂੰ ਹਲਕੀਆਂ ਜ਼ਮੀਨਾਂ ਵਿੱਚ ਤਬਦੀਲ ਕਰਨ ਨਾਲ ਝੋਨੇ ਦੀ ਤੁਲਨਾ ਵਿੱਚ ਉਤਪਾਦਕਤਾ ਅਤੇ ਮੁਨਾਫ਼ਾ ਦੋਵਾਂ ‘ਤੇ ਅਸਰ ਪੈ ਰਿਹਾ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਉਨ੍ਹਾਂ ਨੇ ਨਰਮੇ ਨੂੰ ਮਾਲਵਾ ਖੇਤਰ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਦਾ ਅਨਿੱਖੜਵਾਂ ਅੰਗ ਦੱਸਿਆ। ਉਨ੍ਹਾਂ ਨੇ ਨਰਮੇ ਦੀਆਂ ਛਟੀਆਂ ਦੀ ਸੰਭਾਲ ਅਤੇ ਨਦੀਨਾਂ ਦੇ ਪ੍ਰਬੰਧਨ ‘ਤੇ ਤੁਰੰਤ ਧਿਆਨ ਕੇਂਦਰਿਤ ਕਰਦਿਆਂ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਲਾਗੂ ਕਰਨ ਦਾ ਸੁਝਾਅ ਦਿੱਤਾ।

ਕੀੜਿਆਂ ਬਾਰੇ ਮੌਜੂਦਾ ਹਾਲਾਤ ਸਾਂਝੇ ਕਰਦਿਆਂ ਪੀ ਏ ਯੂ ਦੇ ਪ੍ਰਮੁੱਖ ਕੀਟ ਵਿਗਿਆਨੀ ਡਾ. ਵਿਜੇ ਕੁਮਾਰ ਨੇ ਨਰਮੇ ਦੇ ਢੇਰ ਅਤੇ ਕਤਾਈ ਮਿੱਲਾਂ ਵਿੱਚ ਗੁਲਾਬੀ ਸੁੰਡੀ ਦੇ ਲਾਰਵੇ ਅਤੇ ਪਿਊਪੇ ਦੀ ਮੌਜੂਦਗੀ ਨੂੰ ਨੋਟ ਕੀਤਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਣਚਾਹੇ ਰਹਿੰਦ-ਖੂੰਹਦ ਆਉਣ ਵਾਲੇ ਸੀਜ਼ਨ ਵਿੱਚ ਨਵੀਂ ਤਰ੍ਹਾਂ ਦੀ ਲਾਗ ਨੂੰ ਵਧਾ ਸਕਦੇ ਹਨ।

ਸੈਂਟਰਲ ਇੰਸਟੀਚਿਊਟ ਫਾਰ ਕਾਟਨ ਰਿਸਰਚ ਦੇ ਮੁਖੀ ਡਾ. ਰਿਸ਼ੀ ਕੁਮਾਰ ਨੇ ਕੀਟ ਗਤੀਸ਼ੀਲਤਾ ਨੂੰ ਬਦਲਣ ਬਾਰੇ ਵਿਉਂਤਬੰਦੀ ਪੇਸ਼ ਕੀਤੀ ਅਤੇ ਅਸਰਦਾਰ ਪ੍ਰਬੰਧਨ ਲਈ ਸਟੀਕ ਉਪਾਅ ਸੁਝਾਏ। ਉਨ੍ਹਾਂ ਨੇ ਉੱਭਰ ਰਹੇ ਖਤਰਿਆਂ ਨੂੰ ਹੱਲ ਕਰਨ ਲਈ ਅਨੁਕੂਲ ਰਣਨੀਤੀਆਂ ਦੀ ਜ਼ਰੂਰਤ ‘ਤੇ ਜ਼ੋਰ ਦਿੱਤਾ।

ਮੀਟਿੰਗ ਦਾ ਅੰਤ ਖੇਤਰ ਦੇ ਖੇਤੀਬਾੜੀ ਵਿਭਿੰਨਤਾ ਦੇ ਮੱਦੇਨਜ਼ਰ ਨਰਮੇ ਦੀ ਖੇਤੀ ਨੂੰ ਮੁੜ ਸੁਰਜੀਤ ਕਰਨ ਲਈ ਸਾਂਝੇ ਯਤਨਾਂ, ਵਿਗਿਆਨਕ ਪਹੁੰਚ, ਨੀਤੀਆਂ ਅਤੇ ਜ਼ਮੀਨੀ ਪੱਧਰ ਦੇ ਪਸਾਰ ਯਤਨਾਂ ਦੇ ਸੱਦੇ ਨਾਲ ਹੋਇਆ।

## ਅਮਰ ਗਰਗ ਕਲਮਦਾਨ ਦਾ ਨਿਵੇਕਲੀ ਜਿੱਤ ਤੇ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ



ਸੰਗਰੂਰ 25 ਮਾਰਚ : ਪੰਜਾਬੀ ਸਾਹਿਤ ਅਕਾਡਮੀ ਦੀ ਚੋਣਾ ਵਿੱਚ ਲੋਕਤੰਤਰ ਦੀ ਬਹਾਲੀ ਦਾ ਨਾਅਰਾ ਲਾਕੇ ਅਮਰ ਗਰਗ ਕਲਮਦਾਨ ਨੇ ਇੱਕ ਰਿਕਾਰਡ ਕਾਇਮ ਕਰਦੇ ਹੋਏ ਆਪਣੇ ਆਪ ਨੂੰ ਜੇਤੂ ਕਰਾਰ ਦਿੱਤਾ ਹੈ।ਇਸ ਪ੍ਰਕ੍ਰਿਆ ਉਪਰੰਤ ਬੁਧੀਜੀਵੀਆਂ, ਸਾਹਿਤਕਾਰਾਂ ਅਤੇ ਚਿੰਤਕਾਂ ਦੇ ਰੂਬਰੂ ਹੋਏ। ਉਨਾ ਨੇ ਆਪਣੇ ਭਵਿੱਖ ਦੇ ਟੀਚਿਆ ਬਾਰੇ ਦੱਸਿਆ। ਉਨ੍ਹਾ ਨੇ ਕਿਹਾ ਆਉਣ ਵਾਲੇ ਸਮੇ ਵਿੱਚ ਵਿਸ਼ਵ ਪੱਧਰ ਉੱਪਰ ਗੁਰਮੁੱਖੀ ਨੂੰ ਅਧਿਕਾਰਤ ਲਿੱਪੀ ਸਥਾਪਤ ਕਰਨ ਲਈ ਧਰਮ ਯੁੱਧ ਆਰੰਭਣਗੇ। ਬੁੱਧੀਜੀਵੀਆ ਵਿੱਚ ਨਿਹਾਲ ਸਿੰਘ ਮਾਨ, ਡਾ ਭਗਵੰਤ ਸਿੰਘ, ਗੁਰਨਾਮ ਸਿੰਘ, ਜਗਦੀਪ ਸਿੰਘ ਗੰਧਾਰਾ, ਗਰੇਵਰ, ਸੁੱਖਵੀਰ ਸਿੰਘ, ਅਵਤਾਰ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਡਾ ਦਵਿੰਦਰ ਕੌਰ ਨੇ ਵੀ ਕਲਮਦਾਨ ਨਾਲ ਵਿਚਾਰ ਚਰਚਾ ਕਰਕੇ ਸੰਵਾਦ ਰਚਾਇਆ। ਬੁੱਧੀਜੀਵੀਆ ਨੇ 1947 ਵਿਚ ਕਬਾਇਲੀਆਂ ਤੋਂ ਕਸ਼ਮੀਰ ਨੂੰ ਬਚਾਉਣ ਵਾਲੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਸੇਖੋ ਦੀ ਤਸਵੀਰ ਅਤੇ ਫੁੱਲਕਾਰੀ ਭੇਟ ਕਰਕੇ ਸਨਮਾਨ ਕੀਤਾ।

## ਸ੍ਰ. ਜਸਵਿੰਦਰ ਸਿੰਘ ਢਿੱਲੋ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ 23 ਮਾਰਚ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ।

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ

ਫ਼ਰੀਦਕੋਟ 25 ਮਾਰਚ : ਅੱਜ ਸ਼ਹੀਦੇ ਏ ਆਜ਼ਮ ਸ੍ਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ੍ਰ ਜਸਵਿੰਦਰ ਸਿੰਘ ਢਿੱਲੋ ਮੈਮੋਰੀਅਲ ਵੈਲਫੇਅਰ (ਰਜਿ) ਫ਼ਰੀਦਕੋਟ ਵੱਲੋ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਦੀ ਬਲੱਡ ਬੈਂਕ ਵਿਚ ‘ਸਾਂਝ ਬਲੱਡ ਵੈਲਫੇਅਰ ਕਲੱਬ ਫ਼ਰੀਦਕੋਟ, ਭਾਈ ਘੱਨਈਆ ਯੂਥ ਕਲੱਬ ਫ਼ਰੀਦਕੋਟ ਤੇ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਦੇ ਸਹਿਯੋਗ ਨਾਲ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਪ ਦੌਰਾਨ ਤਕਰੀਬਨ 78 ਬਲੱਡ ਯੂਨਿਟ ਇਕੱਤਰ ਹੋਏ।




ਜਿਸ ਵਿੱਚ ਉਚੇਚੇ ਤੌਰ ਤੇ ਹਲਕਾ ਫ਼ਰੀਦਕੋਟ ਦੇ ਵਿਧਾਇਕ ਸ੍ਰ ਗੁਰਦਿੱਤ ਸਿੰਘ ਸੇਖੋ, ਵਿਧਾਨ ਸਭਾ ਦੇ ਸਪੀਕਰ ਦੇ ਪੀ.ਏ, ਰਾਜਿੰਦਰ ਦਾਸ ਰਿੰਕੂ ਆਪ ਦੇ ਆਗੂ , ਜ਼ਿਲਾ ਯੋਜਨਾ ਬੋਰਡ ਚੇਅਰਮੈਨ ਤੇ ਜ਼ਿਲਾ ਪ੍ਰਧਾਨ ਸ.ਗੁਰਤੇਜ ਸਿੰਘ ਖੋਸਾ, ਇੰਪਰੂਵਮੈਂਟ ਟਰੱਸਟ ਫ਼ਰੀਦਕੋਟ ਦੇ ਚੇਅਰਮੈਨ ਸ. ਗਗਨਦੀਪ ਸਿੰਘ ਧਾਲੀਵਾਲ , ਹਲਕਾ ਵਿਧਾਇਕ ਗੁਰੂਹਰਸਹਾਏ ਰਮਿੰਦਰ ਆਵਲਾ ਜੀ , ਪ੍ਰਸਿੱਧ ਸਮਾਜਸੇਵੀ ਕੈਪਟਨ ਧਰਮ ਸਿੰਘ, ਰਵਿੰਦਰ ਬੁਗਰਾ,ਪ੍ਰਸਿੱਧ ਪੱਤਰਕਾਰ ਤੇ ਅਦਾਕਾਰ ਜਸਬੀਰ ਜੱਸੀ, ਪੱਤਰਕਾਰ ਹਰਮਿੰਦਰ ਮਿੰਦਾ, ਪੱਤਰਕਾਰ ਗਗਨ , ਪੱਤਰਕਾਰ ਅਲੈਗਜੈਂਡਰ ਡਿਸੂਜਾ,ਪੱਤਰਕਾਰ ਜਸਵੀਰ ਕੋਟਸੁਖੀਆ, ਪੱਤਰਕਾਰ ਰਾਜੇਸ਼ ਬਾਗੜੀ,ਪੱਤਰਕਾਰ ਗੁਰਪ੍ਰੀਤ ਸਿੰਘ ਪੱਕਾ, ਪੱਤਰਕਾਰ ਰਜਿੰਦਰ ਅਰੋੜਾ ਆਦਿ ਪਹੁੰਚੇ।

ਏਨਾ ਤੋ ਇਲਾਵਾ ਸਤਨਾਮ ਸਿੰਘ ਹਰੀ ਕੇ ਮਝੈਲ ਜਥੇਬੰਦੀ,ਆਲ ਇੰਡੀਆ ਕਿਸਾਨ ਯੂਨੀਅਨ ਏਕਤਾ ਫਤਿਹ ਦੇ ਪੰਜਾਬ ਪ੍ਰਧਾਨ ਸਰਨਜੀਤ ਸਿੰਘ , ਸਿਵਨਾਥ ਦਰਦੀ , ਪ੍ਰੋ ਬੀਰ ਇੰਦਰ ਸਰਾਂ , ਅਮਜਦ ਖਾਨ , ਜਸਬੀਰ ਸਿੰਘ, ਇਕਬਾਲ ਸਿੰਘ ਸਾਹਿਲ, ਪ੍ਰਤਾਪ, ਸਾਗਰ, ਗਗਨਦੀਪ ਸਿੰਘ, ਜਗਦੇਵ ਸਿੰਘ ਰਾਜਨ ਦੂਆ,ਪੀ ਕੇ ਦਿਓੜਾ, ਗੁਰਪ੍ਰੀਤ ਸਿੰਘ ਗੁਰਸੇਵਕ ਸਿੰਘ ਮਾਨੀਆਂ ਵਾਲਾ, ਰਮਨਦੀਪ ਸਿੰਘ ਸੀਰ ਵਾਲੀ, ਮਨਮੋਹਨ ਸਿੰਘ ਸੁਖਦੀਪ ਸਿੰਘ, ਗੋਰਾ , ਵਿੱਕੀ, ਸਰਵਣ, ਸੁਖਵਿੰਦਰ ਸਿੰਘ ਵਿਲਖੁ,ਕਾਕਾ ਜੀ, ਇੰਦਰਜੀਤ ਸਿੰਘ , ਕੁਲਵੰਤ ਸਿੰਘ, ਅਜੇ, ਸੁਖਬੀਰ ਬਾਬਾ , ਰਾਜ ਗਿੱਲ ਭਾਣਾ, ਹਰਜੀਤ ਸਿੰਘ, ਵਿਰਕ ਅਰਾਈਆ ਵਾਲਾ, ਕੇ.ਪੀ ਸਰਾਂ, ਮੈਡਮ ਮੰਜੂ ਸੁਖੀਜਾ, ਮੈਡਮ ਰਜਨੀ ,ਕੇਵਲ ਕਟਾਰੀਆ, ਵਿਜੇਂਦਰ ਵੇਨੈਕ, ਅਰਵਿੰਦ ਛਾਬੜਾ, ਬਲਕਾਰ ਸਿੰਘ ਸੁਪਰਵਾਈਜ਼ਰ, ਯੋਗਰਾਜ ਸਿੰਘ, ਪ੍ਰਦੀਪ ਕੁਮਾਰ, ਵਿਜੈ ਸ਼ਰਮਾਂ, ਅਮਨਦੀਪ ਮਚਾਕੀ ਕਲਾਂ, ਜਗਮੀਤ ਗੋਲੇਵਾਲਾ, ਚਮਕੌਰ ਸਿੰਘ, ਯਾਦਵਿੰਦਰ ਸਿੰਘ, ਮਨਦੀਪ ਸਟੈਂਡ ਵਾਲਾ, ਗੁਰਵਿੰਦਰ ਸਿੰਘ, ਗੁਰਵੀਰ ਸਿੰਘ ਤੇ ਜਗਦੀਪ ਸਿੰਘ ਅਤੇ ਬਲੱਡ ਬੈਂਕ ਦੀ ਸਮੁੱਚੀ ਟੀਮ ਹਾਜ਼ਰ ਸੀ। ਆਖਿਰ ਵਿਚ ਸ੍ਰ ਗੁਰਜੀਤ ਸਿੰਘ ਹੈਰੀ ਢਿੱਲੋ ਵੱਲੋ ਪਹੁੰਚੀਆਂ ਸਾਰੀਆ ਸਮਾਜਸੇਵੀ ਸੰਸਥਾਵਾਂ ਤੇ ਕੈਪ ਵਿਚ ਯੋਗਦਾਨ ਪਾਉਣ ਵਾਲੀ ਹਰ ਸਖਸ਼ੀਅਤ ਦਾ ਦਿਲੋ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

## ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵੱਲੋਂ ਕਰਵਾਈ ਗਈ ਮਹਿਲਾ ਦਿਵਸ ਨੂੰ ਸਮਰਪਿਤ ਗੀਤ-ਗ਼ਜ਼ਲ ਮਹਿਫ਼ਿਲ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ, 25 ਮਾਰਚ : ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵੱਲੋਂ ਮਹਿਲਾ ਦਿਵਸ ਨੂੰ ਸਮਰਪਿਤ 42ਵਾਂ ਕਵੀ ਦਰਬਾਰ 18ਮਾਰਚ ਨੂੰ ਜ਼ੂਮ ਮਧਿਅਮ ਰਾਹੀਂ ਆਨਲਾਈਨ ਆਯੋਜਿਤ ਕੀਤਾ ਗਿਆ।
ਸਭ ਤੋਂ ਪਹਿਲੇ ਸਭਾ ਦੇ ਸਰਪ੍ਰਸਤ ਨਾਮਵਰ ਗ਼ਜ਼ਲਗੋ ਡਾ.ਗੁਰਚਰਨ ਕੌਰ ਕੋਚਰ ਨੇ ਅਤੇ ਸਭਾ ਦੀ ਸੰਸਥਾਪਕ ਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਸਾਰੀਆਂ ਮਾਣਮੱਤੀ ਸ਼ਖਸੀਅਤਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਭ ਨੂੰ ਜੀ ਆਇਆਂ ਆਖਿਆ। ਉਸ ਤੋਂ ਬਾਅਦ ਸੁਰੀਲੀ ਆਵਾਜ਼ ਦੀ ਮਲਿਕਾ, ਨਾਮਵਰ ਗੀਤਕਾਰ ਅਤੇ ਸ਼ਾਇਰਾ, ਸਭਾ ਦੀ ਮੀਤ ਪ੍ਰਧਾਨ ਮੀਤਾ ਖੰਨਾ ਨੇ ਆਪਣੀ ਮਿੱਠੀ ਆਵਾਜ਼ ਵਿਚ ਗੀਤ ਗਾ ਕੇ ਪ੍ਰੋਗਰਾਮ ਦਾ ਵਧੀਆ ਆਗਾਜ਼ ਕੀਤਾ ਅਤੇ ਆਪਣੀ ਮਿੱਠੀ ਆਵਾਜ਼ ਵਿਚ ਬਹੁਤ ਵੀ ਵਧੀਆ ਮੰਚ ਸੰਚਾਲਨ ਕੀਤਾ ਅਤੇ ਸਭ ਤੋਂ ਵਾਹ ਵਾਹ ਖੱਟੀ।ਮਿਸਿਜ਼ ਇਡਿਆ ਰਹਿ ਚੁੱਕੀ, ਖ਼ੂਬਸੂਰਤ ਮੋਡਲ ਗਰਿਮਾ ਕਵਾਥੇਕਰ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਕੇ ਮਹਿਲਾ ਦਿਵਸ ਤੇ ਆਪਣੇ ਵਿਚਾਰ ਸਾਝੇ ਕੀਤੇ।
ਨਾਮਵਰ ਸ਼ਾਇਰਾ ਤੇ ਸੂਫ਼ੀ ਗਾਇਕਾ ਅਮਨ ਸੂਫ਼ੀ ਨੇ ਆਪਣੀ ਮਿਠੀ ਨਾਲ ਸਮਾਂ ਬੰਨ੍ਹ ਦਿੱਤਾ। ਮਹਿਲਾ ਦਿਵਸ ਦੀ ਇਸ ਮਹਿਫ਼ਿਲ ਵਿੱਚ ਡਾ. ਦਲਬੀਰ ਸਿੰਘ ਕਥੂਰੀਆ,ਮਨਦੀਪ ਕੌਰ ਟਾਂਗਰਾ, ਹਰਜੀਤ ਕੌਰ ਟਾਂਗਰਾ, ਡਾ.ਆਂਚਲ ਅਰੋੜਾ, ਮੰਗਤ ਖਾਨ, ਮੀਤਾ ਖੰਨਾ, ਅਮਨਬੀਰ ਸਿੰਘ ਧਾਮੀ, ਡਾ.ਰਾਜਬੀਰ ਕੌਰ ਗਰੇਵਾਲ, ਸਰਬਜੀਤ ਕੌਰ ਹਾਜੀਪੁਰ, ਮਨਦੀਪ ਭਦੌੜ ਆਦਿ ਨੇ ਗੀਤ,ਗ਼ਜ਼ਲ ਅਤੇ ਕਵਿਤਾਵਾਂ ਰਾਹੀਂ ਮਹਿਫ਼ਿਲ ‘ਚ ਚਾਰ ਚੰਨ ਲਗਾਏ। ਪੰਜਾਬੀ ਵਿਸ਼ਵ ਸਭਾ ਦੇ ਚੈਅਰਮੈਨ, ਨਾਮਵਰ ਸਮਾਜਸੇਵੀ ਦਲਬੀਰ ਸਿੰਘ ਕਥੂਰੀਆ ਜੀ ਨੇ ਸਮਾਗਮ ਵਿੱਚ ਸ਼ਾਮਿਲ ਨਾਰੀ ਸ਼ਕਤੀ ਨੂੰ ਮੁਬਾਰਕਬਾਦ ਦਿੱਤੀ ਤੇ ਸਾਰੇ ਪ੍ਰੰਬਧਕਾ ਨੂੰ ਵਧੀਆ ਸਮਾਗਮ ਉਲੀਕਣ ਲਈ ਵਧਾਈ ਦਿੱਤੀ।
ਅੰਤ ਵਿੱਚ ਸਭਾ ਦੀ ਸੰਸਥਾਪਕ / ਪ੍ਰਧਾਨ ਡਾ.ਰਵਿੰਦਰ ਕੌਰ ਭਾਟੀਆ ਅਤੇ ਅਮਨਬੀਰ ਸਿੰਘ ਧਾਮੀ ਨੇ ਸਭ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਅਜਿਹੇ ਉਪਰਾਲੇ ਕਰਨ ਦਾ ਵਾਅਦਾ ਕੀਤਾ। ਇਸ ਤਰ੍ਹਾਂ ਇਹ ਗੀਤ- ਗ਼ਜ਼ਲ ਮਹਿਫ਼ਿਲ ਅਮਿੱਟ ਪੈੜਾਂ ਛੱਡਦੀ ਹੋਈ ਸੰਪੰਨ ਹੋਈ।

## ਸਪੀਕਰ ਸ. ਸੰਧਵਾਂ ਵੱਲੋਂ ਕੋਟਕਪੂਰਾ ਵਿਖੇ ਲੋਕ ਮਿਲਣੀ ਆਯੋਜਿਤ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 25 ਮਾਰਚ : ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕੋਟਕਪੂਰਾ ਵਿਖੇ ਆਪਣੇ ਦਫ਼ਤਰ ਵਿੱਚ ਲੋਕ ਮਿਲਣੀ ਕਰਦੇ ਹੋਏ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਲੋਕਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ। ਇਸ ਮੌਕੇ ਸਪੀਕਰ ਸ. ਸੰਧਵਾਂ ਨੇ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਅਤੇ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਕਿਸੇ ਵੀ ਕਿਸਮ ਦੀ ਦਿੱਕਤ ਨਾ ਆਵੇ, ਇਹ ਯਕੀਨੀ ਬਣਾਇਆ ਜਾ ਰਿਹਾ ਹੈ।

ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਲੋਕ ਮਿਲਣੀ ਦਾ ਮਕਸਦ ਆਮ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਤੁਰੰਤ ਹੱਲ ਕਰਨਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਹਰ ਇਕ ਅਰਜ਼ੀ ‘ਤੇ ਸੰਵੇਦਨਸ਼ੀਲਤਾ ਨਾਲ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਐਡਵੋਕੇਟ ਸ. ਬੀਰਇੰਦਰ ਸਿੰਘ ਸੰਧਵਾਂ, ਸ. ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ, ਸ੍ਰੀ ਮਨਦੀਪ ਮੋਂਗਾ ਸੈਕਟਰੀ ਰੈਡ ਕਰਾਸ, ਸ. ਅਮਨਦੀਪ ਸਿੰਘ ਬਾਬਾ, ਗੈਰੀ ਵੜਿੰਗ, ਜਗਤਾਰ ਸਿੰਘ ਜੱਗਾ ਸਰਪੰਚ ਖਾਰਾ, ਸਿਮਰਨਜੀਤ ਸਿੰਘ ਐਮ.ਸੀ ਕੋਟਕਪੂਰਾ, ਖੁਸ਼ਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।